# ਪੰਜਾਬ ਟੈਕਨੀਕਲ ਯੂਨੀਵਰਸਿਟੀ
# ਜਲੰਧਰ

## ਏਜੰਡਾ

### 44ਵੀਂ ਇਕੱਤਰਤਾ
### ਬੋਰਡ ਆਫ਼ ਗਵਰਨਰਜ਼

ਸਥਾਨ :

ਦਫ਼ਤਰ, ਮੁੱਖ ਸਕੱਤਰ, ਪੰਜਾਬ
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ

ਸਮਾਂ :

05 ਅਕਤੂਬਰ, 2011 ਸ਼ਾਮ 04:00 ਵਜੇ

**ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ ਵਿਖੇ ਮਿਤੀ 05 ਅਕਤੂਬਰ 2011 ਦੀ ਬੋਰਡ ਆਫ਼ ਗਵਰਨਰਜ਼ ਦੀ 44ਵੀਂ ਇਕੱਤਰਤਾ ਦਾ ਏਜੰਡਾ**

| ਮੱਦ ਨੰ. | ਮੱਦ | ਪੰਨਾ ਨੰ. | ਅਨੁਲੱਗ |
|---|---|---|---|
| 44.1 | ਬੋਰਡ ਦੀ 43ਵੀਂ ਇਕੱਤਰਤਾ ਦੀ ਕਾਰਵਾਈ ਨੂੰ ਪ੍ਰਵਾਨਗੀ ਦੇਣਾ | 2 | I |
| 44.2 | ਬੋਰਡ ਦੀ 43ਵੀਂ ਇਕੱਤਰਤਾ ਉਪਰੰਤ ਕੀਤੇ ਗਏ ਕਾਰਜ ਦੀ ਰਿਪੋਰਟ | 2-6 | – |
| 44.3 | ਮਲਟੀ-ਡਸਿਪਲਨਰੀ ਅਕੈਡਮੀਆਂ ਜਿਵੇਂ ਪੀ.ਆਈ.ਟੀ. ਦਾ ਪ੍ਰਬੰਧਨ (ਪੀ.ਟੀ.ਯੂ. ਦੇ ਸੰਬੰਧਤ ਕਾਲਜ) | 6-7 | – |
| 44.4 | ਗਿਆਨੀ ਜ਼ੈਲ ਸਿੰਘ ਕਾਲਜ ਆਫ਼ ਇੰਜ. ਤੇ ਟੈਕਨਾਲੋਜੀ, ਬਠਿੰਡਾ ਦਾ ਪੀ.ਟੀ.ਯੂ. ਦੀ ਸੰਬੰਧਿਤ ਸੰਸਥਾ ਵਜੋਂ ਪਰਿਵਰਤਨ | 7 | – |
| 44.5 | ਨੰਦਗੜ੍ਹ ਦੀ ਪੀ.ਆਈ.ਐਮ. ਸੰਸਥਾ ਦਾ ਪੀ.ਆਈ.ਟੀ. ਵਜੋਂ ਪੁਨਰ-ਨਾਮਕਰਣ | 7 | – |
| 44.6 | ਉਪ-ਕੁਲਪਤੀ ਨੂੰ ਅਧਿਕਾਰਾਂ ਦੀ ਸਪੁਰਦਗੀ ਬਾਰੇ ਵਿਚਾਰ | 8 | II |
| 44.7 | ਮਾਨਵ ਸਰੋਤ ਕਮੇਟੀ ਦੀ ਮਿਤੀ 02 ਅਗਸਤ 2011 ਨੂੰ ਹੋਈ ਇਕੱਤਰਤਾ ਦੀ ਕਾਰਵਾਈ ਦੀ ਪ੍ਰਵਾਨਗੀ | 8 | – |
| 44.8 | ਅਕਾਦਮਿਕ ਕੌਂਸਲ, ਮਾਨਵ ਸਰੋਤ ਕਮੇਟੀ, ਇਮਾਰਤ ਉਸਾਰੀ ਕਮੇਟੀ ਅਤੇ ਵਿੱਤ ਕਮੇਟੀ ਦਾ ਗਠਨ | 8-9 | III, IV, V |
| 44.9 | ਨਵੀਆਂ ਨਿਯੁਕਤੀਆਂ ਬਾਰੇ ਸੰਖੇਪ ਜਾਣਕਾਰੀ | 9 | – |
| 44.10 | ਡਾ. ਸੁਰੇਸ਼ ਕੁਮਾਰ ਟੰਡਨ ਦੁਆਰਾ ਉਨ੍ਹਾਂ ਨੂੰ ਜਾਰੀ ਕੀਤੇ ਗਏ ਨਿਯੁਕਤੀ ਪੱਤਰ ਦੀ ਸ਼ਰਤ 7 ਵਿਚ ਸੋਧ ਬਾਰੇ ਕੀਤੇ ਬਿਨੈ-ਪੱਤਰ ਉਪਰ ਵਿਚਾਰ | 10 | – |
| 44.11 | ਮਾਨਸਾ, ਲੁਧਿਆਣਾ ਅਤੇ ਬਰਨਾਲਾ ਵਿਖੇ ਸਥਾਪਿਤ ਕੀਤੇ ਜਾਣ ਵਾਲੇ ਪੀ.ਆਈ.ਟੀ., ਮੋਹਾਲੀ ਵਿਖੇ ਯੂਨੀਵਰਸਿਟੀ ਦੇ ਰੀਜ਼ਨਲ ਕੈਂਪਸ ਅਤੇ ਭਵਿੱਖ ਦੇ ਹੋਰ ਕਾਰਜਾਂ ਦੀਆਂ ਉਸਾਰੀ ਸੰਬੰਧੀ ਸੇਵਾਵਾਂ ਲਈ ਆਰਕੀਟੈਕਟ (ਭਵਨ-ਨਿਰਮਾਤਾ) ਦੀ ਨਿਯੁਕਤੀ ਨੂੰ ਅੰਤਿਮ ਰੂਪ ਦੇਣਾ | 10 | VI |
| 44.12 | ਪੀ.ਐਚ.ਡੀ. ਡਿਗਰੀਆਂ ਨੂੰ ਪ੍ਰਵਾਨਗੀ | 11 | VII |
| 44.13 | ਅਕਾਦਮਿਕ ਕੌਂਸਲ ਦੀਆਂ ਨਾਮਜ਼ਦਗੀਆਂ ਸੰਬੰਧੀ ਜਾਣਕਾਰੀ | 11 | VIII |
| 44.14 | ਖੇਡ ਕਾਰਜਕਾਰਨੀ ਕਮੇਟੀ ਦੀ ਸਥਾਪਨਾ ਬਾਰੇ ਜਾਣਕਾਰੀ | 11 | IX |
| 44.15 | ਪੀ.ਟੀ.ਯੂ. ਦੇ ਗਿਆਨ ਜੋਤੀ ਸਕੂਲ ਆਫ਼ ਟੀ.ਕਿਊ.ਐਮ. ਤੇ ਇੰਟਰਪਨਿਓਰਸ਼ਿਪ, ਮੋਹਾਲੀ ਵਿਚ ਪੀ.ਟੀ.ਯੂ. ਦੀ ਹਿੱਸੇਦਾਰੀ ਦੀ ਵਰਤੋਂ ਸੰਬੰਧੀ | 11 | – |
| 44.16 | ਚੇਅਰ ਦੀ ਆਗਿਆ ਨਾਲ ਹੋਰ ਫੁਟਕਲ ਮੱਦਾਂ ਤੇ ਵਿਚਾਰ | – | – |

**ਮੱਦ ਨੰ. 44.1 : ਬੋਰਡ ਦੀ ਮਿਤੀ 23.06.2011 ਨੂੰ ਹੋਈ ਇਕੱਤਰਤਾ ਦੀ ਕਾਰਵਾਈ ਨੂੰ ਪ੍ਰਵਾਨਗੀ ਦੇਣਾ।**

ਬੋਰਡ ਦੀ ਮਿਤੀ 23.06.2011 ਨੂੰ ਹੋਈ ਇਕੱਤਰਤਾ ਦੀ ਕਾਰਵਾਈ ਸਾਰੇ ਮੈਂਬਰ ਸਾਹਿਬਾਨ ਨੂੰ ਭੇਜ ਦਿੱਤੀ ਗਈ ਸੀ ਅਤੇ ਇਹ ਅਨੁਲੱਗ-I 'ਤੇ ਉਪਲਬਧ ਹੈ।

ਬੋਰਡ ਦੀ ਇਸ ਇਕੱਤਰਤਾ ਦੀ ਕਾਰਵਾਈ ਉਪਰ ਕਿਸੇ ਵੀ ਮੈਂਬਰ ਵੱਲੋਂ ਕੋਈ ਟਿੱਪਣੀ ਪ੍ਰਾਪਤ ਨਹੀਂ ਹੋਈ, ਇਸ ਲਈ ਇਸਨੂੰ ਪ੍ਰਵਾਨ ਹੋਇਆ ਮੰਨਿਆ ਜਾ ਸਕਦਾ ਹੈ।

ਇਸਦੀ ਪ੍ਰਵਾਨਗੀ ਲਈ ਇਸਨੂੰ ਬੋਰਡ ਦੇ ਸਨਮੁੱਖ ਰੱਖਿਆ ਜਾ ਰਿਹਾ ਹੈ।

**ਮੱਦ ਨੰ. 44.2 : ਬੋਰਡ ਦੀ 43ਵੀਂ ਇਕੱਤਰਤਾ ਉਪਰੰਤ ਕੀਤੇ ਗਏ ਕਾਰਜ ਦੀ ਰਿਪੋਰਟ**

| ਮੱਦ ਨੰ. 43.1 | ਕੀਤਾ ਗਿਆ ਕਾਰਜ |
|---|---|
| ਬੋਰਡ ਦੀ ਮਿਤੀ 01.03.2010 ਨੂੰ ਹੋਈ 42ਵੀਂ ਇਕੱਤਰਤਾ ਦੀ ਕਾਰਵਾਈ ਨੂੰ ਪ੍ਰਵਾਨਗੀ।<br>ਸਕੱਤਰ ਨੇ ਦੱਸਿਆ ਕਿ ਇਕੱਤਰਤਾ ਦੀ ਕਾਰਵਾਈ ਸਾਰੇ ਮੈਂਬਰ ਸਾਹਿਬਾਨ ਨੂੰ ਭੇਜ ਦਿੱਤੀ ਗਈ ਸੀ। ਸ੍ਰੀ ਚੰਦਰ ਮੋਹਨ ਜੀ ਦੁਆਰਾ ਪੀ.ਟੀ.ਯੂ. ਦੇ ਗਿਆਨ ਜੋਤੀ ਸਕੂਲ ਆਫ਼ ਟੀ.ਕਿਊ.ਐਮ ਤੇ ਇੰਟਰਪਨਿਓਰਸ਼ਿਪ ਮੋਹਾਲੀ ਵਿਚ ਪੀ.ਟੀ.ਯੂ. ਦੀ ਹਿੱਸੇਦਾਰੀ ਬਾਰੇ ਦਿੱਤੀ ਗਈ ਰਾਏ ਨੂੰ ਪ੍ਰਵਾਨ ਕਰ ਲਿਆ ਗਿਆ।<br>ਬੋਰਡ ਨੇ ਇਕੱਤਰਤਾ ਦੀ ਕਾਰਵਾਈ ਨੂੰ ਪ੍ਰਵਾਨਗੀ ਦੇ ਦਿੱਤੀ। | ਗਿਆਨ ਜੋਤੀ ਸਕੂਲ ਆਫ਼ ਟੀ.ਕਿਊ.ਐਮ. ਤੇ ਇੰਟਰਪਨਿਓਰਸ਼ਿਪ ਦੇ ਸੀ.ਈ.ਓ. ਨੂੰ ਪੱਤਰ ਜਾਰੀ ਕਰ ਦਿੱਤਾ ਗਿਆ। |
| **ਮੱਦ ਨੰ. 43.2**<br>ਬੋਰਡ ਦੀ 42ਵੀਂ ਇਕੱਤਰਤਾ ਉਪਰੰਤ ਕੀਤੇ ਗਏ ਕਾਰਜ ਦੀ ਰਿਪੋਰਟ ਬੋਰਡ ਨੇ ਕੀਤੇ ਗਏ ਕਾਰਜ ਨੂੰ ਵਾਚਿਆ ਅਤੇ ਤਸੱਲੀ ਦਾ ਇਜ਼ਹਾਰ ਕੀਤਾ। | ਕੋਈ ਕਾਰਵਾਈ ਲੋੜੀਂਦੀ ਨਹੀਂ |
| **ਮੱਦ ਨੰ. 43.3**<br>ਯੂਨੀਵਰਸਿਟੀ ਗਤੀਵਿਧੀਆਂ ਬਾਰੇ ਉਪ-ਕੁਲਪਤੀ ਰਿਪੋਰਟ ਬੋਰਡ ਨੇ ਯੂਨੀਵਰਸਿਟੀ ਗਤੀਵਿਧੀਆ ਬਾਰੇ ਉਪ-ਕੁਲਪਤੀ ਰਿਪੋਰਟ ਨੂੰ ਵਾਚਿਆ। ਬੋਰਡ ਨੇ ਵੱਖ-ਵੱਖ ਖੇਤਰਾਂ ਵਿਚ ਯੂਨੀਵਰਸਿਟੀ ਦੁਆਰਾ ਕੀਤੇ ਗਏ ਉਪਰਾਲਿਆਂ ਦੀ ਸਰਾਹਨਾ ਕੀਤੀ। | ਕੋਈ ਕਾਰਵਾਈ ਲੋੜੀਂਦੀ ਨਹੀਂ |
| **ਮੱਦ ਨੰ. 43.4**<br>ਮਿਤੀ 25.05.2011 ਨੂੰ ਪੀ.ਟੀ.ਯੂ. ਦੀ ਵਿੱਤ ਕਮੇਟੀ ਦੀ ਇਕੱਤਰਤਾ ਵਿਚ ਹੋਈ ਕਾਰਵਾਈ ਨੂੰ ਪ੍ਰਵਾਨਗੀ।<br>ਬੋਰਡ ਨੇ ਵਿੱਤ ਕਮੇਟੀ ਦੀ ਇਕੱਤਰਤਾ ਵਿਚ ਹੋਈ ਕਾਰਵਾਈ ਨੂੰ ਪ੍ਰਵਾਨਗੀ ਦੇ ਦਿੱਤੀ। | ਇਕੱਤਰਤਾ ਦੀ ਕਾਰਵਾਈ ਸਾਰੇ ਮੈਂਬਰ ਸਾਹਿਬਾਨ ਨੂੰ ਦਿੱਤੀ ਗਈ |
| **ਮੱਦ ਨੰ. 43.5**<br>ਮਿਤੀ 17.02.2011 ਅਤੇ 24.05.2011 ਨੂੰ ਹੋਈ ਮਾਨਵ ਸਰੋਤ ਕਮੇਟੀ ਦੀ ਇਕੱਤਰਤਾ ਵਿਚ ਹੋਈ ਕਾਰਵਾਈ ਨੂੰ ਪ੍ਰਵਾਨਗੀ।<br>ਬੋਰਡ ਨੇ ਮਾਨਵ ਸਰੋਤ ਕਮੇਟੀ ਦੀ ਮਿਤੀ 17 ਫਰਵਰੀ 2011 ਨੂੰ ਹੋਈ ਇਕੱਤਰਤਾ ਦੀ ਕਾਰਵਾਈ ਨੂੰ ਪ੍ਰਵਾਨਗੀ ਦੇ ਦਿੱਤੀ। | |

| | |
|---|---|
| ਬੋਰਡ ਨੇ ਮਾਨਵ ਸਰੋਤ ਕਮੇਟੀ ਦੀ ਮਿਤੀ 24 ਮਈ 2011 ਨੂੰ ਹੋਈ ਇਕੱਤਰਤਾ ਦੀ ਕਾਰਵਾਈ ਉਪਰ ਵਿਚਾਰ ਕੀਤਾ ਅਤੇ ਇਸਨੂੰ ਨਿਮਨ ਲਿਖਤ ਟਿੱਪਣੀਆਂ ਦੇ ਆਧਾਰ 'ਤੇ ਪ੍ਰਵਾਨ ਕੀਤਾ: | |
| **ਮੱਦ ਨੰ. 2 ਲਈ** | |
| ਪੇ-ਪ੍ਰੋਟੈਕਸ਼ਨ ਕੇਵਲ ਉਨ੍ਹਾਂ ਮੁਲਾਜ਼ਮਾਂ ਦੀ ਹੀ ਕੀਤੀ ਜਾਵੇ, ਜਿਹੜੇ ਯੂਨੀਵਰਸਿਟੀ ਵਿਚ ਰੈਗੂਲਰ ਹੋਣ ਤੋਂ ਪਹਿਲਾਂ ਤੋਂ ਕੰਮ ਕਰ ਰਹੇ ਹਨ। ਇਹ ਵੀ ਫੈਸਲਾ ਕੀਤਾ ਗਿਆ ਕਿ ਅਜਿਹੇ ਸਾਰੇ ਮੁਲਾਜ਼ਮਾਂ ਦੇ ਉਨ੍ਹਾਂ ਦੇ ਰੈਗੂਲਰ ਹੋਣ ਉਪਰੰਤ ਹੋਈ ਪੇ-ਫਿਕਸੇਸ਼ਨ ਦੇ ਆਧਾਰ 'ਤੇ ਬਣਾਏ ਬਕਾਏ ਜਾਰੀ ਕਰ ਦਿੱਤੇ ਜਾਣ। | ਪੇ-ਪ੍ਰੋਟੈਕਸ਼ਨ ਸੰਬੰਧੀ ਦਫ਼ਤਰੀ ਹੁਕਮ ਜਾਰੀ ਕਰ ਦਿੱਤੇ ਗਏ ਹਨ |
| **ਮੱਦ ਨੰ. 4 ਲਈ** | |
| ਸਰਕਾਰੀ ਇੰਜੀਨਿਅਰਿੰਗ ਕਾਲਜਾਂ ਵਿਚ ਲਾਗੂ, ਪੰਜਾਬ ਸਰਕਾਰ ਦੀ ਨੋਟੀਫਿਕੇਸ਼ਨ ਨੂੰ ਅਪਣਾ ਲੈਣਾ। | |
| **ਮੱਦ ਨੰ. 11 ਲਈ**<br>ਸਹਾਇਕ ਕਾਰਜਕਾਰੀ ਇੰਜੀਨਿਅਰ (ਸਿਵਲ) ਦੀ ਇਕ ਅਸਾਮੀ ਅਤੇ ਸਹਾਇਕ ਇੰਜੀਨਿਅਰ (ਸਿਵਲ) ਦੀਆਂ ਦੋ ਅਸਾਮੀਆਂ ਨੂੰ ਡੈਪੂਟੇਸ਼ਨ ਆਧਾਰ 'ਤੇ ਭਰਿਆ ਜਾਣਾ। | ਇਸ ਮੁੱਦੇ ਨੂੰ 44.7 ਦੀ ਇਕ ਵੱਖਰੀ ਏਜੰਡਾ ਮੱਦ ਵਜੋਂ ਰੱਖਿਆ ਗਿਆ। |
| **ਮੱਦ ਨੰ. 43.6**<br>ਇਮਾਰਤ ਉਸਾਰੇ ਬਾਰੇ ਸਥਾਈ ਕਮੇਟੀ ਦੀ ਇਕੱਤਰਤਾ ਵਿਚ ਹੋਈ ਕਾਰਵਾਈ ਨੂੰ ਪ੍ਰਵਾਨਗੀ ਦੇਣਾ<br>ਕਾਰਵਾਈ ਪ੍ਰਵਾਨ ਕਰ ਲਈ ਗਈ। | ਇਕੱਤਰਤਾ ਦੀ ਕਾਰਵਾਈ ਸਾਰੇ ਮੈਂਬਰ ਸਾਹਿਬਾਨ ਨੂੰ ਦੇ ਦਿੱਤੀ ਗਈ। |
| **ਮੱਦ ਨੰ. 43.7**<br>ਨਵੀਆਂ ਨਿਯੁਕਤੀਆਂ ਬਾਰੇ ਜਾਣਕਾਰੀ<br>ਬੋਰਡ ਨੇ ਨਿਯੁਕਤੀਆਂ ਉਪਰ ਵਿਚਾਰ-ਚਰਚਾ ਕੀਤੀ ਅਤੇ ਹੇਠ ਲਿਖੀਆਂ ਟਿੱਪਣੀਆਂ ਕੀਤੀਆਂ: | |
| (ੳ) ਡਾ. ਸੁਰੇਸ਼ ਕੁਮਾਰ ਟੰਡਨ ਦੀ ਕੰਟਰੋਲਰ ਪ੍ਰੀਖਿਆਵਾਂ ਵਜੋਂ ਨਿਯੁਕਤੀ ਕੇਵਲ ਉਨ੍ਹਾਂ ਦੀ ਸੇਵਾ-ਮੁਕਤ ਤੱਕ ਹੀ ਕੀਤੀ ਜਾਵੇ। | ਇਸ ਮੁੱਦੇ ਨੂੰ 44.10 ਦੀ ਇਕ ਵੱਖਰੀ ਏਜੰਡਾ ਮੱਦ ਵਜੋਂ ਰੱਖਿਆ ਗਿਆ। |
| (ਅ) ਸ੍ਰੀ ਪ੍ਰਦੀਪ ਜਿੰਦਲ ਦੀ ਡਿਪਟੀ ਰਜਿਸਟਰਾਰ ਦੀ ਅਸਾਮੀ ਲਈ ਚੋਣ ਦਾ ਪੁਨਰ-ਨਿਰੀਖਣ ਕੀਤਾ ਗਿਆ ਅਤੇ ਇਸਨੂੰ ਬੀ.ਓ.ਜੀ. ਦੇ ਚੇਅਰਮੈਨ ਦੇ ਸਨਮੁੱਖ ਪ੍ਰਵਾਨਗੀ ਲਈ ਪੇਸ਼ ਕੀਤਾ ਗਿਆ। | ਇਸ ਕੇਸ ਦਾ ਪੁਨਰ-ਨਿਰੀਖਣ ਕੀਤਾ ਜਾਵੇਗਾ। |
| (ੲ) ਡਿਪਟੀ ਰਜਿਸਟਰਾਰ ਦੀ ਅਸਾਮੀ ਲਈ ਚੁਣੇ ਗਏ ਸ੍ਰੀ ਰਣਜੀਤ ਸਿੰਘ ਹੁੰਦਲ ਦੇ ਪਹਿਲੇ ਪਦ ਦੀ ਜਾਂਚ-ਪੜਤਾਲ ਵੀ.ਸੀ./ਪੀ.ਟੀ.ਯੂ. ਦੁਆਰਾ ਕੀਤੀ ਗਈ ਅਤੇ ਇਸਦੀ ਰਿਪੋਰਟ ਬੀ.ਓ.ਜੀ. ਚੇਅਰਮੈਨ ਦੇ ਸਨਮੁੱਖ ਪੇਸ਼ ਕੀਤੀ ਗਈ। | ਇਸ ਕੇਸ ਦਾ ਪੁਨਰ-ਨਿਰੀਖਣ ਕੀਤਾ ਜਾਵੇਗਾ। |

| | |
|---|---|
| **ਮੱਦ ਨੰ. 43.8**<br>ਨਵੀਂ ਅਕਾਦਮਿਕ ਕੌਂਸਲ ਬਾਰੇ ਜਾਣਕਾਰੀ<br>ਬੋਰਡ ਨੇ ਫੈਸਲਾ ਕੀਤਾ ਕਿ ਅਕਾਦਮਿਕ ਕੌਂਸਲ ਦੇ 20 ਮੈਂਬਰ ਨਾਮਜ਼ਦ ਕਰਨ ਦਾ ਪ੍ਰਸਤਾਵ ਰਖਿਆ ਜਾਵੇ ਅਤੇ ਇਸਨੂੰ ਬੀ.ਓ.ਜੀ. ਚੇਅਰਮੈਨ ਦੇ ਸਨਮੁੱਖ ਪ੍ਰਵਾਨਗੀ ਲਈ ਪੇਸ਼ ਕੀਤਾ ਜਾਵੇ। | ਇਸ ਮੁੱਦੇ ਨੂੰ 44.13 ਦੇ ਇਕ ਵੱਖਰੇ ਏਜੰਡੇ ਮੱਦ ਵਜੋਂ ਰੱਖਿਆ ਗਿਆ। |
| **ਮੱਦ ਨੰ. 43.9**<br>ਏ.ਪੀ.ਆਈ.ਟੀ. ਕਪੂਰਥਲਾ ਦਾ ਆਰੰਭ<br>43.21.2 ਦੇ ਸਪਲੀਮੈਂਟਰੀ ਏਜੰਡਾ ਮੱਦ ਅਨੁਸਾਰ | ਇਸ ਅਕਾਦਮਿਕ ਸੈਸ਼ਨ ਤੋਂ ਕੰਪਿਊਟਰ ਸਾਇੰਸ ਤੇ ਇਲੈਕਟ੍ਰਾਨਿਕਸ ਅਤੇ ਕੰਮਿਊਨੀਕੇਸ਼ਨ ਇੰਜੀ. ਵਿਚ ਐਮ.ਟੈੱਕ ਦੀਆਂ ਕਲਾਸਾਂ ਆਰੰਭ ਕਰ ਦਿੱਤੀਆਂ ਗਈਆਂ ਹਨ |
| **ਮੱਦ ਨੰ. 43.10**<br>ਪੀ.ਆਈ.ਟੀ. ਮਾਨਸਾ ਬਾਰੇ ਜਾਣਕਾਰੀ<br>ਬੋਰਡ ਨੇ ਇਸ ਸੰਬੰਧੀ ਹੋਏ ਵਿਕਾਸ ਬਾਰੇ ਵਿਚਾਰ ਕੀਤਾ | ਕੋਈ ਕਾਰਵਾਈ ਲੋੜੀਂਦੀ ਨਹੀਂ। |
| **ਮੱਦ ਨੰ. 43.11**<br>ਪੀ.ਟੀ.ਯੂ. ਜਲੰਧਰ ਅਤੇ ਬਾਬਾ ਫਰੀਦ ਯੂਨੀ. ਆਫ਼ ਹੈਲਥ ਸਾਇੰਸਜ਼ ਫਰੀਦਕੋਟ ਦੁਆਰਾ ਸੰਯੁਕਤ ਰੂਪ ਵਿਚ ਪੋਸਟ ਗਰੈਜੂਏਟ ਪੱਧਰ ਦੀ ਦੁਵੱਲੀ ਡਿਗਰੀ/ਡਿਪਲੋਮਾ ਸ਼ੁਰੂ ਕਰਨ ਬਾਰੇ ਵਿਚਾਰ<br>ਬੋਰਡ ਨੇ ਇਸ ਉੱਪਰ ਵਿਚਾਰ ਕੀਤਾ ਕਿ ਇਸ ਕੋਰਸ ਨੂੰ ਪੀ.ਟੀ.ਯੂ. ਅਤੇ ਬਾਬਾ ਫਰੀਦ ਯੂਨੀ. ਆਫ਼ ਹੈਲ ਸਾਇੰਸਜ਼ ਫਰੀਦਕੋਟ ਦੁਆਰਾ ਸਾਂਝੇ ਰੂਪ ਵਿਚ ਚਲਾਇਆ ਜਾਵੇ। | ਇਸਦਾ ਅਕਾਦਮਿਕ ਸੈਸ਼ਨ ਜਨਵਰੀ 2012 ਤੋਂ ਆਰੰਭ ਕੀਤਾ ਜਾਵੇਗਾ। |
| **ਮੱਦ ਨੰ. 43.12**<br>ਗੁਰੂ ਨਾਨਕ ਦੇਵ ਇੰਜ. ਕਾਲਜ ਲੁਧਿਆਣਾ ਦੀ ਪ੍ਰਸਤੁਤੀਕਰਨ ਬਾਰੇ ਵਿਚਾਰ।<br>ਗੁਰੂ ਨਾਨਕ ਦੇਵ ਇੰਜ. ਕਾਲਜ ਲੁਧਿਆਣਾ ਦੀ ਬੇਨਤੀ ਅਸਵੀਕਾਰ ਕਰ ਦਿੱਤੀ ਗਈ। | ਗੁਰੂ ਨਾਨਕ ਦੇਵ ਇੰਜ. ਕਾਲਜ ਲੁਧਿਆਣਾ ਨੂੰ ਪੱਤਰ ਜਾਰੀ ਕਰ ਦਿੱਤਾ ਗਿਆ ਹੈ। |
| **ਮੱਦ ਨੰ. 43.13**<br>ਉਪ-ਕੁਲਪਤੀ ਦੇ ਚੀਨ ਦੌਰੇ ਸੰਬੰਧੀ ਵਿਚਾਰ<br>ਪ੍ਰਵਾਨ ਕਰ ਲਿਆ ਗਿਆ | ਪ੍ਰਕਿਰਿਆ ਵਿਚ ਹੈ। |
| **ਮੱਦ ਨੰ. 43.14**<br>ਪੀ.ਐਚ.ਡੀ. ਵਿਦਿਆਰਥੀਆਂ ਦੀ ਪ੍ਰਵਾਨਗੀ<br>ਬੋਰਡ ਨੇ ਸੂਚੀ ਨੂੰ ਪ੍ਰਵਾਨਗੀ ਦਿੱਤੀ ਅਤੇ ਚੇਅਰਮੈਨ ਨੂੰ ਪ੍ਰਸਤਾਵਿਤ ਸੂਚੀ ਤੋਂ ਬਾਹਰ ਰਹਿ ਗਏ ਨਾਵਾਂ ਨੂੰ ਪ੍ਰਵਾਨ ਕਰਨ ਦੇ ਅਧਕਾਰ ਦਿੱਤੇ। | ਇਸਨੂੰ 44.12 ਦੀ ਇਕ ਵੱਖਰਾ ਏਜੰਡਾ ਮੱਦ ਵਜੋਂ ਰੱਖਿਆ ਗਿਆ |

| | |
|---|---|
| **ਮੱਦ ਨੰ. 43.15**<br>ਰੀਜਨਲ ਸੈਂਟਰ/ਮੁਲਾਂਕਣ/ਵਾਧੇ ਦੀ ਪ੍ਰਵਾਨਗੀ<br>ਬੋਰਡ ਨੇ 31 ਮਾਰਚ 2012 ਤੱਕ ਰੀਜਨਲ ਸੈਂਟਰਾਂ ਦੇ ਕਾਰਜ-ਕਾਲ ਵਿਚ ਵਾਧੇ ਦੀ ਪ੍ਰਵਾਨਗੀ ਦਿੱਤੀ ਅਤੇ ਇਸਦੇ ਤੀਜੀ ਧਿਰ ਦੁਆਰਾ ਮੁਲਾਂਕਣ ਦੀ ਰਿਪੋਰਟ 31 ਜੁਲਾਈ 2011 ਤੱਕ ਜਮ੍ਹਾਂ ਕਰਾਉਣ ਦੀ ਇੱਛਾ ਜ਼ਾਹਰ ਕੀਤੀ। | ਐਡਸਿਲ ਰਿਪੋਰਟ ਦੇ 31 ਅਕਤੂਬਰ 2011 ਤੱਕ ਆ ਜਾਣ ਦੀ ਉਮੀਦ ਹੈ। |
| **ਮੱਦ ਨੰ. 43.16**<br>ਵਿਦੇਸ਼ਾਂ ਵਿਚ ਸਿੱਖਿਆ ਕੇਂਦਰ (Learning Centre) ਖੋਲ੍ਹਣ ਬਾਰੇ ਮੌਜੂਦਾ ਸਥਿਤੀ ਦੀ ਰਿਪੋਰਟ<br>ਬੋਰਡ ਨੇ ਫ਼ੈਸਲਾ ਕੀਤਾ ਕਿ ਵਿਦੇਸ਼ਾਂ ਵਿਚ ਸਿੱਖਿਆ ਕੇਂਦਰ ਖੋਲ੍ਹਣ ਲਈ ਇਸ ਸੰਬੰਧੀ ਭਾਰਤ ਸਰਕਾਰ ਦੁਆਰਾ ਨਿਰਧਾਰਿਤ ਕੀਤੇ ਗਏ ਖਾਸ ਦਿਸ਼ਾ-ਨਿਰਦੇਸ਼ਾਂ ਨੂੰ ਗ੍ਰਹਿਣ ਕਰਨਾ ਚਾਹੀਦਾ ਹੈ ਅਤੇ ਇਸ ਵਿਸ਼ੇ ਨੂੰ ਅਗਲੀ ਬੀ.ਓ.ਜੀ. ਇਕੱਤਰਤਾ ਵਿਚ ਵਿਚਾਰਿਆ ਜਾਣਾ ਚਾਹੀਦਾ ਹੈ। | ਭਾਰਤ ਸਰਕਾਰ ਤੋਂ ਦਿਸ਼ਾ-ਨਿਰਦੇਸ਼ਾਂ ਦੀ ਉਡੀਕ ਹੈ। |
| **ਮੱਦ ਨੰ. 43.17**<br>ਦੂਰਵਰਤੀ ਸਿੱਖਿਆ ਵਿਚ ਉਦਯੋਗ ਨਾਲ ਸੰਬੰਧਤ ਕੋਰਸਾਂ ਬਾਰੇ ਵਿਚਾਰ<br>ਬੋਰਡ ਨੇ ਇਸ ਵਿਸ਼ੇ ਨੂੰ ਪ੍ਰਵਾਨ ਕੀਤਾ ਅਤੇ ਫ਼ੈਸਲਾ ਕੀਤਾ ਕਿ ਇਸ ਵਿਚ ਸੋਸਾਇਟੀ/ਕੰਪਨੀ ਦੀ ਹਿੱਸੇਦਾਰੀ ਕੁੱਲ ਰਕਮ ਦਾ 10 ਪ੍ਰਤੀਸ਼ਤ ਹੋਵੇਗੀ ਅਤੇ ਬਾਕੀ ਬਚਦੀ ਰਕਮ ਵਿਚ ਪਹਿਲਾਂ ਨਿਰਧਾਰਿਤ ਨਿਯਮਾਂ ਅਨੁਸਾਰ ਰੀਜਨਲ ਸੈਂਟਰ, ਲਰਨਿੰਗ ਸੈਂਟਰ ਅਤੇ ਪੀ.ਟੀ.ਯੂ. ਦੀ ਹਿੱਸੇਦਾਰੀ ਹੋਵੇਗੀ। | ਪ੍ਰਕਿਰਿਆ ਵਿਚ ਹੈ। |
| **ਮੱਦ ਨੰ. 43.18**<br>ਦੂਰਵਰਤੀ ਸਿੱਖਿਆ ਲਈ ਨਵੀਂ ਯੂ.ਐਮ.ਸੀ. ਕਮੇਟੀ ਦਾ ਗਠਨ<br>ਪ੍ਰਵਾਨ ਕਰ ਲਈ ਗਈ। | ਦਫ਼ਤਰੀ ਹੁਕਮ ਜਾਰੀ ਕਰ ਦਿੱਤੇ ਗਏ ਹਨ। |
| **ਮੱਦ ਨੰ. 43.19**<br>ਯੂਨੀਵਰਸਿਟੀ ਦੀ ਨਿਯਮਾਵਲੀ ਸੰਬੰਧੀ ਰਿਪੋਰਟ ਤੇ ਵਿਚਾਰ<br>ਬੋਰਡ ਨੇ ਇੱਛਾ ਜ਼ਾਹਿਰ ਕੀਤੀ ਕਿ ਇਸ ਸੰਬੰਧ ਨਿਯਮਾਵਲੀ ਦਾ ਇਕ ਖਰੜਾ ਤਿਆਰ ਕਰਕੇ ਉਸਦਾ ਨਿਰੀਖਣ ਕਰ ਲਿਆ ਜਾਵੇ ਅਤੇ ਫਿਰ ਇਸਨੂੰ ਬੀ.ਓ.ਜੀ. ਦੀ ਅਗਲੀ ਇਕੱਤਰਤਾ ਵਿਚ ਪੇਸ਼ ਕਰ ਲਿਆ ਜਾਵੇ। | ਪ੍ਰਕਿਰਿਆ ਵਿਚ ਹੈ। |
| **ਮੱਦ ਨੰ. 43.20**<br>ਯੂਨੀਵਰਸਿਟੀ ਵਿਚ ਵਿਦਿਆਰਥੀ ਸ਼ਿਕਾਇਤ ਨਿਵਾਰਣ ਕੇਂਦਰ ਦੀ ਸਥਾਪਨਾ।<br>ਬੋਰਡ ਨੇ ਇਸ ਪ੍ਰਸਤਾਵ ਦੀ ਪ੍ਰਵਾਨਗੀ ਨਹੀਂ ਦਿੱਤੀ ਅਤੇ ਫ਼ੈਸਲਾ ਕੀਤਾ ਕਿ ਡੀਨ (ਵਿਦਿਆਰਥੀ ਮਾਮਲੇ) ਵਿਦਿਆਰਥੀਆਂ ਦੀ ਸ਼ਿਕਾਇਤਾਂ ਦਾ ਨਿਵਾਰਣ ਕਰਨ ਦਾ ਕੰਮ-ਕਾਜ ਦੇਖਣਗੇ। | ਕੋਈ ਕਾਰਵਾਈ ਲੋੜੀਂਦੀ ਨਹੀਂ। |
| **ਮੱਦ ਨੰ. 43.21.1**<br>ਨੰਦਗੜ੍ਹ (ਬਠਿੰਡਾ) ਵਿਖੇ ਪੰਜਾਬ ਇੰਸਟੀਚਿਊਟ ਆਫ਼ ਮੈਨੇਜਮੈਂਟ ਦੀ ਸਥਾਪਨਾ ਦਾ ਪ੍ਰਸਤਾਵ<br>ਪ੍ਰਸਤਾਵ ਪ੍ਰਵਾਨ ਕਰ ਲਿਆ ਗਿਆ। | 44.5 ਦੀ ਵੱਖਰੀ ਏਜੰਡਾ ਮੱਦ ਵਜੋਂ ਰੱਖ ਲਿਆ ਗਿਆ। |

| | |
|---|---|
| **ਮੱਦ ਨੰ. 43.21.2**<br>ਕਪਾਰੋ ਸਕੂਲ ਆਫ਼ ਮੈਨੂਫੈਕਚਰਿੰਗ ਐਂਡ ਮਟੀਰੀਅਲ ਟੈਕਨਾਲੋਜੀ ਦੀ ਮੌਜੂਦਾ ਸਥਿਤੀ<br>ਬੋਰਡ ਨੇ ਇਸ ਸਬੰਧੀ ਆਪਣੇ ਪਹਿਲਾਂ ਲਏ ਗਏ ਫ਼ੈਸਲੇ ਨੂੰ ਦੁਹਰਾਇਆ | ਪ੍ਰਕਿਰਿਆ ਵਿਚ ਹੈ। |
| **ਮੱਦ ਨੰ. 43.21.3**<br>ਬਰਨਾਲਾ ਵਿਖੇ 'ਪੀ.ਟੀ.ਯੂ. ਦੇ ਤਕਸ਼ਿਲਾ ਸੈਂਟਰ ਆਫ਼ ਐਕਸੀਲੈਂਸ' ਦੀ ਸਥਾਪਨਾ ਲਈ ਟਰਾਈਡੈਂਟ ਲਿਮਟਿਡ ਨਾਲ ਸਹਿਯੋਗ ਸੰਬੰਧੀ ਸਮਝੌਤਾ ਸਹੀਬੰਦ ਕਰਨ ਸੰਬੰਧੀ।<br>ਬੋਰਡ ਨੇ ਇਸ ਮੁੱਦੇ ਨੂੰ ਇਸ ਸੰਬੰਧੀ ਹੋਰ ਸੰਭਾਵੀ ਵਿਕਲਪਾਂ ਦੀ ਛਾਣਬੀਣ ਤੱਕ ਮੁਲਤਵੀ ਕਰ ਦਿੱਤਾ | ਕੋਈ ਕਾਰਵਾਈ ਲੋੜੀਂਦੀ ਨਹੀਂ। |
| **ਮੱਦ ਨੰ. 43.21.4**<br>ਉਪ-ਕੁਲਪਤੀ ਨੂੰ ਐਡਹਾਕ/ਕੰਟਰੈਕਟ ਆਧਾਰ 'ਤੇ ਨਿਯੁਕਤੀਆਂ ਕਰਨ ਸੰਬੰਧੀ ਅਧਿਕਾਰ ਦੇਣ 'ਤੇ ਵਿਚਾਰ<br>ਬੋਰਡ ਨੇ ਉਪ-ਕੁਲਪਤੀ ਨੂੰ ਐਡਹਾਕ/ਕੰਟਰੈਕਟ ਆਧਾਰ 'ਤੇ ਤਿੰਨ ਮਹੀਨਿਆਂ ਦੇ ਕਾਰਜ-ਕਾਲ ਤੱਕ ਨਿਯੁਕਤੀਆਂ ਕਰਨ ਦਾ ਅਧਿਕਾਰ ਦਿੱਤਾ ਅਤੇ ਕਿਹਾ ਕਿ ਇਹ ਨਿਯੁਕਤੀਆਂ ਪਾਰਦਰਸ਼ੀ ਤਰੀਕੇ ਨਾਲ ਹੋਣੀਆਂ ਚਾਹੀਦੀਆਂ ਹਨ। | ਵਿਚਾਰ ਕਰ ਲਿਆ ਗਿਆ |
| **ਮੱਦ ਨੰ. 43.21.5**<br>ਪੀ.ਟੀ.ਯੂ. ਵਿਦਿਆਰਥੀਆਂ ਵਿਚ 'ਤਕਨੀਕੀ ਉੱਦਮਾਂ' ਸੰਬੰਧੀ ਪ੍ਰਸਤਾਵ ਤੇ ਵਿਚਾਰ<br>ਇਹ ਫ਼ੈਸਲਾ ਕੀਤਾ ਗਿਆ ਕਿ ਇਸ ਪ੍ਰਸਤਾਵ ਨੂੰ ਚੇਅਰਮੈਨ ਬੀ.ਓ.ਜੀ., ਪੀ.ਐਸ.ਟੀ.ਈ., ਵੀ.ਸੀ. ਪੀ.ਟੀ.ਯੂ. ਅਤੇ ਸ੍ਰੀ ਚੰਦਰ ਮੋਹਨ ਜੀ ਨਾਲ ਬਣਾਈ ਗਈ ਕਮੇਟੀ ਵਿਚ ਵੱਖਰੇ ਤੌਰ 'ਤੇ ਵਿਚਾਰਿਆ ਜਾਵੇ। | ਪ੍ਰਕਿਰਿਆ ਵਿਚ ਹੈ |
| **ਮੱਦ ਨੰ. 43.21.6**<br>'ਵਿਸ਼ਵ ਵਾਤਾਵਰਨ ਦਿਵਸ' ਮੌਕੇ 'ਤੇ ਸ੍ਰੀ ਬਲਵੰਤ ਸਿੰਘ ਵੱਲੋਂ ਅਨੁਦਾਨ ਕੀਤੇ ਗਏ 100 ਵੱਖ-ਵੱਖ ਕਿਸਮਾਂ ਦੇ ਪੌਦਿਆਂ ਲਈ ਉਨ੍ਹਾਂ ਦੀ ਸਰਾਹਨਾ ।<br>ਬੋਰਡ ਨੇ ਸ੍ਰੀ ਬਲਵੰਤ ਸਿੰਘ ਦੁਆਰਾ ਕੀਤੇ ਗਏ ਯਤਨਾਂ ਦੀ ਸਰਾਹਨਾ ਕੀਤੀ ਅਤੇ ਇੱਛਾ ਜ਼ਾਹਿਰ ਕੀਤੀ ਕਿ ਅਜਿਹੀ ਉਪਲਬਧੀ ਨੂੰ ਰਿਕਾਰਡ ਵਿਚ ਰੱਖਿਆ ਜਾਣਾ ਚਾਹੀਦਾ ਹੈ। | ਪੱਤਰ ਜਾਰੀ ਕਰ ਦਿੱਤਾ ਗਿਆ |

**ਮੱਦ ਨੰ. 44.3 ਮਲਟੀ-ਡਸਿਪਲਨਰੀ ਅਕੈਡਮੀਆਂ ਜਿਵੇਂ ਪੀ.ਆਈ.ਟੀ. ਦਾ ਪ੍ਰਬੰਧਨ (ਪੀ.ਟੀ.ਯੂ. ਦੇ ਸੰਬੰਧਿਤ ਕਾਲਜ)**

ਡਾਇਰੈਕਟਰ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ, ਪੰਜਾਬ ਦੇ ਮੀਮੋ ਨੰ. 395 ਮਿਤੀ 02.06.2011 ਵਿਚ ਸਿਫ਼ਾਰਿਸ਼ ਕੀਤੀ ਗਈ ਹੈ ਕਿ ਪੰਜਾਬ ਸਰਕਾਰ ਦੁਆਰਾ ਖੂਨੀਮਾਜਰਾ, ਅੰਮ੍ਰਿਤਸਰ, ਹੁਸ਼ਿਆਰਪੁਰ, ਬਟਾਲਾ, ਰਾਜਪੁਰਾ ਭਿੱਖੀਵਿੰਡ, ਗੁਰੂ ਤੇਗ਼ ਬਹਾਦਰ ਗੜ੍ਹ, ਦੀਨਾਨਗਰ ਅਤੇ ਸੁਲਤਾਨਪੁਰ ਲੋਧੀ ਵਿਖੇ ਮਲਟੀ-ਡਸਿਪਲਨਰੀਆਂ ਸਥਾਪਿਤ ਕੀਤੀਆਂ ਜਾਣ ਅਤੇ ਇਨ੍ਹਾਂ ਦਾ ਪ੍ਰਬੰਧਨ ਤੇ ਇਸਨੂੰ ਚਲਾਉਣ ਦਾ ਜ਼ਿੰਮਾ ਪੀ.ਟੀ.ਯੂ. ਦਾ ਹੋਵੇਗਾ। ਇਨ੍ਹਾਂ ਅਕੈਡਮੀਆਂ ਦੇ ਜ਼ਮੀਨੀ ਤੇ ਇਮਾਰਤੀ ਮਾਮਲਿਆਂ, ਮੌਜੂਦਾ ਸਰਕਾਰੀ ਪਾਲੀਟੈਕਨਿਕਾਂ ਦੇ ਅਧਿਕਾਰ ਹੇਠਲਿਆਂ ਨੂੰ ਛਡ ਕੇ, ਲਈ ਪੀ.ਟੀ.ਯੂ. ਨੂੰ 'ਜਿਉਂ ਦਾ

ਤਿਉਂ ਦੇ ਆਧਾਰ 'ਤੇ ਲੰਮੇ ਸਮੇਂ ਦੀ ਲੀਜ਼ 'ਤੇ ਦੇ ਦਿੱਤੇ ਜਾਣਾ। ਪ੍ਰਿੰਸੀਪਲ ਸਕੱਤਰ, ਤਕਨੀਕੀ ਸਿੱਖਿਆ ਵਿਭਾਗ ਦੀ ਪ੍ਰਧਾਨਗੀ ਹੇਠ ਹੋਈ ਮਿਤੀ 11.08.2011 ਇਕੱਤਰਤਾ ਦੌਰਾਨ ਇਨ੍ਹਾਂ ਮਲਟੀ-ਡਸਿਪਲਨਰੀ ਅਕੈਡਮੀਆਂ ਨੂੰ ਪੀ.ਟੀ.ਯੂ. ਹਵਾਲੇ ਕਰਨ ਲਈ ਹੇਠ ਲਿਖੇ ਟੀਚੇ ਨਿਸ਼ਚਿਤ ਕੀਤੇ ਗਏ:

| ਲੜੀ ਨੰ. | ਸਥਾਨ | ਟੀਚਾ ਮਿਤੀ |
|---|---|---|
| 1. | ਰਾਜਪੁਰਾ | 31.08.2011 |
| 2. | ਬਟਾਲਾ | 31.08.2011 |
| 3. | ਦੀਨਾ ਨਗਰ | 31.08.2011 |
| 4. | ਖੂਨੀਮਾਜਰਾ | 31.10.2011 |
| 5. | ਭਿੱਖੀ ਵਿੰਡ | 31.10.2011 |
| 6. | ਗੁਰੂ ਤੇਗ਼ ਬਹਾਦਰ ਨਗਰ | 31.10.2011 |
| 7. | ਹੁਸ਼ਿਆਰਪੁਰ | 30.11.2011 |
| 8. | ਸੁਲਤਾਨਪੁਰ ਲੋਧੀ | 31.12.2011 |
| 9. | ਅੰਮ੍ਰਿਤਸਰ | 31.03.2011 |

ਰਾਜਪੁਰਾ, ਬਟਾਲਾ ਅਤੇ ਦੀਨਾਨਗਰ ਦੀਆਂ ਮਲਟੀ-ਡਸਿਪਲਨਰੀ ਅਕੈਡਮੀਆਂ ਪੀ.ਟੀ.ਯੂ. ਦੇ ਸਪੁਰਦ ਕਰ ਦਿੱਤੀਆਂ ਗਈਆਂ ਹਨ। ਇਸ ਮੁੱਦੇ ਨੂੰ ਬੀ.ਓ.ਜੀ. ਦੇ ਸਨਮੁੱਖ ਪ੍ਰਵਾਨਗੀ ਲਈ ਰੱਖਿਆ ਜਾਂਦਾ ਹੈ।

**ਮੱਦ ਨੰ. 44.4 ਗਿਆਨੀ ਜ਼ੈਲ ਸਿੰਘ ਕਾਲਜ ਆਫ਼ ਇੰਜੀਨਿਅਰਿੰਗ ਤੇ ਟੈਕਨਾਲੋਜੀ, ਬਠਿੰਡਾ ਦਾ ਪੀ.ਟੀ.ਯੂ. ਦੀ ਸੰਬੰਧਿਤ ਸੰਸਥਾ ਵਜੋਂ ਪਰਿਵਰਤਨ।**

ਇਸ ਸੰਬੰਧੀ ਗਿਆਨੀ ਜ਼ੈਲ ਸਿੰਘ ਕਾਲਜ ਆਫ਼ ਇੰਜੀਨਿਅਰਿੰਗ ਤੇ ਟੈਕਨਾਲੋਜੀ ਦੀ ਰਜਿਸਟਰਡ ਸੋਸਾਇਟੀ ਦੀ ਇਕੱਤਰਤਾ ਮਾਣਯੋਗ ਮੰਤਰੀ, ਤਕਨੀਕੀ ਸਿੱਖਿਆ ਵਿਭਾਗ ਦੀ ਪ੍ਰਧਾਨਗੀ ਹੇਠ ਮਿਤੀ 18 ਅਗਸਤ, 2011 ਨੂੰ ਹੋਈ। ਇਸ ਵਿਚ ਹੇਠ ਲਿਖੀਆਂ ਮੱਦਾਂ ਉੱਪਰ ਵਿਚਾਰ ਕੀਤਾ ਗਿਆ ਅਤੇ ਫ਼ੈਸਲਾ ਕੀਤਾ ਗਿਆ ਕਿ:

(ੳ) ਕਿਉਂ ਜੋ ਗਿਆਨੀ ਜ਼ੈਲ ਸਿੰਘ ਕਾਲਜ ਆਫ਼ ਇੰਜ. ਐਂਡ ਟੈਕਨਾਲੋਜੀ ਨੂੰ ਪੀ.ਟੀ.ਯੂ. ਦਾ ਸੰਬੰਧਿਤ ਕਾਲਜ ਬਣਾਇਆ ਗਿਆ ਹੈ। ਇਸ ਲਈ ਇਸਦੀ ਗਵਰਨਿੰਗ ਬਾਡੀ ਦੇ ਚੇਅਰਮੈਨ ਦੀ ਨਿਯੁਕਤੀ ਦੇ ਅਧਿਕਾਰ ਪੀ.ਟੀ.ਯੂ. ਕੋਲ ਰਹਿਣਗੇ।

(ਅ) ਗਿਆਨੀ ਜ਼ੈਲ ਸਿੰਘ ਕਾਲਜ ਆਫ਼ ਇੰਜ. ਐਂਡ ਟੈਕਨਾਲੋਜੀ ਨੂੰ ਪੀ.ਟੀ.ਯੂ. ਦੇ ਸੰਬੰਧਿਤ ਕਾਲਜ ਵਿਚ ਤਬਦੀਲ ਕਰਨ ਉਪਰ ਕੋਈ ਇਤਰਾਜ਼ ਨਹੀਂ ਹੈ ਅਤੇ ਇਸਦੀ ਸਾਰੀ ਸੰਪਤੀ ਤੇ ਜ਼ਿੰਮੇਵਾਰੀ ਤਬਦੀਲ ਕੀਤੀ ਜਾਂਦੀ ਹੈ।

ਇਹ ਵੀ ਪ੍ਰਸਤਾਵ ਕੀਤਾ ਗਿਆ ਕਿ ਗਿਆਨੀ ਜ਼ੈਲ ਸਿੰਘ ਕਾਲਜ ਦੇ ਮੌਜੂਦਾ ਮੁਲਾਜ਼ਮਾਂ ਨੂੰ ਕਿਸੇ ਵੀ ਪ੍ਰਕਾਰ ਦੇ ਨੁਕਸਾਨ ਤੋਂ ਬਚਾਉਣ ਲਈ ਉਨ੍ਹਾਂ ਨੂੰ ਪਹਿਲਾਂ ਤੋਂ ਉਨ੍ਹਾਂ ਲਈ ਨਿਰਧਾਰਿਤ ਹੋਈਆਂ ਸੇਵਾ-ਸ਼ਰਤਾਂ ਅਨੁਸਾਰ ਹੀ ਰੱਖਿਆ ਜਾਵੇਗਾ।

ਇਸ ਮੁੱਦੇ ਨੂੰ ਬੋਰਡ ਦੇ ਸਾਹਮਣੇ ਵਿਚਾਰ ਤੇ ਪ੍ਰਵਾਨਗੀ ਲਈ ਰੱਖਿਆ ਜਾਂਦਾ ਹੈ।

**ਮੱਦ ਨੰ. 44.5 ਨੰਦਗੜ੍ਹ ਦੀ ਪੀ.ਆਈ.ਐਮ. ਸੰਸਥਾ ਦਾ ਪੀ.ਆਈ.ਟੀ. ਵਜੋਂ ਪੁਨਰ-ਨਾਮਕਰਣ**

ਵਰਤਮਾਨ ਵਿਚ ਪੀ.ਆਈ.ਐਮ. ਸੰਸਥਾ ਨੂੰ ਕੇਵਲ ਮੈਨੇਜਮੈਂਟ ਦੀ ਸਿੱਖਿਆ ਲਈ ਤਿਆਰ ਕੀਤਾ ਗਿਆ ਹੈ। ਇਸ ਪੀ.ਆਈ.ਐਮ. ਵਿਚ ਤਕਨੀਕੀ ਕੋਰਸਾਂ ਨੂੰ ਵੀ ਪੜ੍ਹਾਉਣ ਦਾ ਪ੍ਰਸਤਾਵ ਹੈ। ਇਸ ਅਨੁਸਾਰ ਇਹ ਪ੍ਰਸਤਾਵ ਕੀਤਾ ਜਾਂਦਾ ਹੈ ਕਿ ਪੀ.ਆਈ.ਐਮ. ਦਾ ਪੁਨਰ-ਨਾਮਕਰਣ ਕਰਕੇ ਇਸਨੂੰ ਪੀ.ਆਈ.ਟੀ. ਦਾ ਨਾਮ ਦੇ ਦਿੱਤਾ ਜਾਵੇ ਅਤੇ ਇਸਨੂੰ ਪੀ.ਟੀ.ਯੂ. ਦੀ ਸੰਬੰਧਿਤ ਸੰਸਥਾ ਵਜੋਂ ਵਿਕਸਿਤ ਕੀਤਾ ਜਾਵੇ।

ਇਸ ਮੱਦ ਨੂੰ ਬੋਰਡ ਦੇ ਸਨਮੁੱਖ ਪ੍ਰਵਾਨਗੀ ਲਈ ਰੱਖਿਆ ਜਾਂਦਾ ਹੈ।

**ਮੱਦ ਨੰ. 44.6 ਉਪ-ਕੁਲਪਤੀ ਨੂੰ ਅਧਿਕਾਰਾਂ ਦੀ ਸਪੁਰਦਗੀ ਬਾਰੇ ਵਿਚਾਰ**

ਪੀ.ਟੀ.ਯੂ. ਖੇਤਰ ਦੀ ਤੇਜ਼ੀ ਨਾਲ ਵਿਕਾਸ ਕਰ ਰਹੀ/ਵਿਸਤਾਰ ਗ੍ਰਹਿਣ ਕਰ ਰਹੀ ਯੂਨੀਵਰਸਿਟੀ ਹੈ ਜਿਸ ਕੋਲ 300 ਤੋਂ ਵਧੇਰੇ ਮਾਨਤਾ ਪ੍ਰਾਪਤ ਕਾਲਜ ਹਨ। ਇਸੇ ਤਰ੍ਹਾਂ ਇਸ ਕੋਲ ਦੂਰਵਰਤੀ ਸਿੱਖਿਆ ਪ੍ਰੋਗਰਾਮ ਅਧੀਨ ਵੱਡੀ ਗਿਣਤੀ (ਲੱਖਾਂ) ਵਿਚ ਵਿਦਿਆਰਥੀ ਦਾਖਲ ਹਨ ਅਤੇ ਇਸ ਕੋਲ 2000 ਤੋਂ ਵਧੇਰੇ ਭਾਰਤ ਅਤੇ ਵਿਦੇਸ਼ ਵਿਚ ਦੂਰਵਰਤੀ ਸਿੱਖਿਆ ਕੇਂਦਰ ਹਨ।

ਵੱਡੀ ਗਿਣਤੀ ਵਿਚ ਅਜਿਹੇ ਕਾਲਜਾਂ, ਵਿਦਿਆਰਥੀਆਂ ਅਤੇ ਸਿੱਖਿਆ ਕੇਂਦਰਾਂ (ਜਿਹੜੇ ਖੇਤਰ ਦੀ ਕਿਸੇ ਵੀ ਹੋਰ ਯੂਨੀਵਰਸਿਟੀ ਕੋਲ ਨਹੀਂ ਹਨ) ਦੀ ਦੇਖਭਾਲ ਦਾ ਕਾਰਜ ਅਤਿ-ਕਠਿਨ ਹੈ ਅਤੇ ਇਸ ਵਿਚ ਸੰਜੀਦਾ ਨੀਤੀ-ਨਿਰਧਾਰਣ ਜੁੜਿਆ ਹੋਇਆ ਹੈ, ਇਸੇ ਤਰ੍ਹਾਂ ਪੰਜਾਬ ਸਰਕਾਰ/ਯੂਨੀਵਰਸਿਟੀ ਦੁਆਰਾ ਨਿਰਧਾਰਿਤ ਨਿਯਮਾਵਲੀ ਤੇ ਨੇਮਾਂ ਦੀ ਬਹੁਲਤਾ ਦਾ ਸੰਦਰਭ ਵੀ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪੱਧਰ ਉਪਰ ਰਾਜ ਵਿਚ ਕਿੱਤਾਮੁਖੀ ਤੇ ਤਕਨੀਕੀ ਸਿੱਖਿਆ ਦੇਣ ਦੇ ਪਰਿਪੇਖ ਵਿਚ ਵਿਚਾਰਨਯੋਗ ਹੈ। ਇਸ ਤੋਂ ਇਲਾਵਾ, ਤਕਨੀਕੀ ਯੂਨੀਵਰਸਿਟੀ ਹੋਣ ਦੇ ਨਾਤੇ, ਇਸ ਉਪਰ ਰਾਜ ਵਿਚ ਤਕਨੀਕੀ/ਉੱਚ ਸਿੱਖਿਆ ਦੇ ਪ੍ਰਸਾਰ ਲਈ ਪ੍ਰਭਾਵਸ਼ਾਲੀ ਕਦਮ ਚੁੱਕਣ ਦੀ ਜ਼ਿੰਮੇਵਾਰੀ ਹੈ ਜਿਸ ਨਾਲ ਰਾਜ ਵਿਚ ਉਦਯੋਗਿਕ ਵਿਕਾਸ ਅਤੇ ਸਮਾਜਕ-ਆਰਥਿਕ ਵਿਕਾਸ ਵਿਚ ਸਹਾਇਤਾ ਪ੍ਰਾਪਤ ਹੋਵੇਗੀ।

ਉੱਪਰ ਨਿਰਧਾਰਿਤ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ, ਉਪ-ਕੁਲਪਤੀ ਜੋ ਸੰਸਥਾ ਦਾ ਮੁਖੀ ਹੈ, ਨੂੰ ਸਟਾਫ ਤੋਂ ਕਿਰਿਆਸ਼ੀਲ ਅਤੇ ਉੱਚ-ਪੱਧਰੀ ਗੁਣਾਤਮਕ ਸਹਿਯੋਗ ਲੋੜੀਂਦਾ ਹੈ। ਬਹੁਤ ਸਮੇਂ ਤੋਂ ਇਹ ਮਹਿਸੂਸ ਕੀਤਾ ਜਾਣ ਲੱਗਾ ਹੈ ਕਿ ਵਰਤਮਾਨ ਵਿਚ ਉਪਲਬਧ ਹਾਇਰਾਰਕੀ ਸਹਿਯੋਗ ਵਿਚ ਬਹੁਤ ਸਾਰੇ ਕਾਰਣਾਂ ਕਰਕੇ ਸੀਮਾਵਾਂ ਹਨ; ਅਜਿਹੀ ਸਥਿਤੀ ਵਿਚ ਉਪ-ਕੁਲਪਤੀ ਇੱਛਿਤ ਨਤੀਜਿਆਂ ਦੀ ਪ੍ਰਾਪਤੀ ਵਿਚ ਅਸਮਰਥਾ ਮਹਿਸੂਸ ਕਰ ਰਹੇ ਹਨ। ਹੋਰਨਾਂ ਯੂਨੀਵਰਸਿਟੀਆਂ ਦੇ ਵਿਪਰੀਤ, ਪੀ.ਟੀ.ਯੂ. ਇਕ ਗ਼ੈਰ-ਅਕਾਦਮਿਕ ਸੰਸਥਾ ਹੋਣ ਨਾਤੇ ਇਸ ਕੋਲ ਤਜ਼ਰਬੇਕਾਰ/ਅਨੁਭਵੀ ਅਕਾਦਮਿਕ ਪ੍ਰਸ਼ਾਸਕ ਨਹੀਂ ਹਨ ਜਿਹੜੇ ਅਕਾਦਮਿਕ ਮਸਲਿਆਂ ਦੇ ਸੰਦਰਭ ਵਿਚ ਚੰਗੇ ਰਹਿਨੁਮਾ ਸਹਿਯੋਗੀ ਵਾਂਗ ਕਾਰਜ ਕਰ ਸਕਦੇ ਹੋਣ। ਉਦਾਹਰਣ ਵਜੋਂ, ਪੰਜਾਬੀ ਯੂਨੀਵਰਸਿਟੀ ਦੇ ਉਪ-ਕੁਲਪਤੀ ਨੂੰ ਖੇਤਰ ਵਿਚ ਕਿਤੇ ਵੀ ਉਪਲਬਧ ਤਜ਼ਰਬੇਕਾਰ/ਮੰਨੇ-ਪ੍ਰਮੰਨੇ ਪੇਸ਼ਾਵਰ ਤੇ ਅਕਾਦਮਿਕ ਪ੍ਰਸ਼ਾਸਕਾਂ ਵਿਚੋਂ ਇਸ਼ਤਿਹਾਰ ਦੀ ਬਜਾਏ ਸਿੱਧੀ ਨਾਮਜ਼ਦਗੀ/ਚੋਣ ਰਾਹੀਂ ਆਪਣੀ ਟੀਮ ਵਿਚ ਸ਼ਾਮਿਲ ਕਰਨ ਦੇ ਅਧਿਕਾਰ ਹਨ (ਅਨੁਲੱਗ-II)

ਇਸ ਤਰ੍ਹਾਂ ਇਹ ਪ੍ਰਸਤਾਵ ਕੀਤਾ ਜਾਂਦਾ ਹੈ ਕਿ ਪੀ.ਟੀ.ਯੂ. ਦੇ ਉਪ-ਕੁਲਪਤੀ ਨੂੰ ਵੀ ਅਜਿਹੇ ਅਧਿਕਾਰ ਪ੍ਰਦਾਨ ਕੀਤੇ ਜਾਣ ਜਿਸ ਰਾਹੀਂ ਉਹ (ਪ੍ਰਵਾਨਿਤ ਅਸਾਮੀਆਂ ਲਈ) ਥੋੜ੍ਹੇ ਸਮੇਂ , ਜਿਹੜਾ ਇਕ ਸਾਲ ਤੋਂ ਵਧੇਰੇ ਨਾ ਹੋਵੇ, ਲਈ ਡੈਪੂਟੇਸ਼ਨ/ਕੰਟਰੈਕਟ ਆਧਾਰ 'ਤੇ ਪੂਰੀ ਤਰ੍ਹਾਂ ਐਡਹਾਕ/ਆਰਜ਼ੀ ਪ੍ਰਬੰਧ ਨਾਲ ਆਪਣੀ ਟੀਮ ਦੇ ਗਠਨ ਲਈ ਨਾਮਜ਼ਦਗੀਆਂ/ਚੋਣ ਕਰ ਸਕੇ।

ਇਹ ਪ੍ਰਸਤਾਵ ਕੀਤਾ ਜਾਂਦਾ ਹੈ ਕਿ ਉਪ-ਕੁਲਪਤੀ ਨੂੰ ਐਡਹਾਕ/ਕੰਟਰੈਕਟ ਆਧਾਰ 'ਤੇ ਇਕ ਸਾਲ ਲਈ ਨਿਯੁਕਤੀਆਂ ਕਰਨ ਦਾ ਅਧਿਕਾਰ ਦੇ ਦਿੱਤਾ ਜਾਵੇ।

ਇਹ ਮੁੱਦਾ ਬੋਰਡ ਦੀ ਪ੍ਰਵਾਨਗੀ ਲਈ ਰੱਖਿਆ ਜਾਂਦਾ ਹੈ।

**ਮੱਦ ਨੰ. 44.7 ਮਾਨਵ ਸਰੋਤ ਕਮੇਟੀ ਦੀ ਇਕੱਤਰਤਾ ਵਿਚ ਹੋਈ ਕਾਰਵਾਈ ਨੂੰ ਪ੍ਰਵਾਨਗੀ**

ਮਾਨਵ ਸਰੋਤ ਕਮੇਟੀ ਦੀ ਇਕੱਤਰਤਾ ਮਿਤੀ 2 ਅਗਸਤ 2011 ਨੂੰ ਹੋਈ। ਇਸਦੀ ਕਾਰਵਾਈ ਨੂੰ ਬੋਰਡ ਦੇ ਸਨਮੁੱਖ ਰੱਖਿਆ ਜਾਂਦਾ ਹੈ।

**ਮੱਦ ਨੰ. 44.8 ਅਕਾਮਿਕ ਕੌਂਸਲ, ਮਾਨਵ ਸਰੋਤ ਕਮੇਟੀ, ਇਮਾਰਤ ਉਸਾਰੀ ਕਮੇਟੀ ਅਤੇ ਵਿੱਤ ਕਮੇਟੀ ਦਾ ਗਠਨ**

**ਅਕਾਦਮਿਕ ਕੌਂਸਲ ਦਾ ਗਠਨ**

ਇਸ ਮੁੱਦੇ ਨੂੰ 44.13 ਦੀ ਵੱਖਰੀ ਏਜੰਡਾ ਮੱਦ ਵਜੋਂ ਰੱਖਿਆ ਗਿਆ ਹੈ।

**ਮਾਨਵ ਸਰੋਤ ਕਮੇਟੀ ਦਾ ਗਠਨ**

ਬੀ.ਓ.ਜੀ. ਦੁਆਰਾ ਇਸਦੀ ਮਿਤੀ 05.06.2009 ਨੂੰ ਹੋਈ ਇਕੱਤਰਤਾ ਵਿਚ ਪ੍ਰਵਾਨ ਕੀਤੇ ਗਏ ਰਚਨਾਤਮਕ ਢਾਂਚੇ ਅਨੁਸਾਰ। (ਅਨੁਲੱਗ-III)

**ਵਿੱਤ-ਕਮੇਟੀ ਦਾ ਗਠਨ-ਯੂਨੀਵਰਸਿਟੀ ਐਕਟ ਅਨੁਸਾਰ (ਅਨੁਲੱਗ-IV)**

| | | |
|---|---|---|
| ਉਪ-ਕੁਲਪਤੀ, ਪੀ.ਟੀ.ਯੂ. | - | ਚੇਅਰਮੈਨ |
| ਪੰਜਾਬ ਸਰਕਾਰ ਦੇ ਸਕੱਤਰ, ਵਿੱਤ ਵਿਭਾਗ | - | ਮੈਂਬਰ |
| ਪੰਜਾਬ ਸਰਕਾਰ ਦੇ ਸਕੱਤਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ | - | 2 ਮੈਂਬਰ ਬੀ.ਓ.ਜੀ. ਚੇਅਰਮੈਨ ਦੁਆਰਾ ਨਾਮਜ਼ਦ |

**ਇਮਾਰਤ ਉਸਾਰੀ ਸੰਬੰਧੀ ਸਥਾਈ ਕਮੇਟੀ ਦਾ ਗਠਨ**

ਬੀ.ਓ.ਜੀ. ਦੀ 22ਵੀਂ ਅਤੇ 41ਵੀਂ ਇਕੱਤਰਤਾ ਵਿਚ ਪ੍ਰਵਾਨ ਕੀਤੇ ਗਏ ਰਚਨਾਤਮਕ ਢਾਂਚੇ ਅਨੁਸਾਰ (ਅਨੁਲੱਗ-V)

ਬੋਰਡ ਆਫ਼ ਗਵਰਨਰਜ਼ ਨੂੰ ਇਸ ਕਮੇਟੀ ਦੇ ਮੈਂਬਰ ਨਾਮਜ਼ਦ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ।

**ਮੱਦ ਨੰ. 44.9 ਨਵੀਆਂ ਨਿਯੁਕਤੀਆਂ ਸੰਬੰਧੀ ਜਾਣਕਾਰੀ**

ਯੂਨੀਵਰਸਿਟੀ ਦੁਆਰਾ ਵੱਖ-ਵੱਖ ਅਸਾਮੀਆਂ ਜਿਵੇਂ ਲੈਂਡਸਕੇਪ ਅਫ਼ਸਰ, ਸਹਾਇਕ ਰਜਿਸਟਰਾਰ (ਅਨੁਸੂਚਿਤ ਜਾਤੀ ਸ਼੍ਰੇਣੀ), ਵਿਦਿਆਰਥੀ ਕੌਂਸਲਰ ਅਤੇ ਪੀ.ਆਈ.ਟੀ. ਮਾਨਸਾ ਤੇ ਕਪੂਰਥਲਾ ਲਈ ਅਕਾਦਮਿਕ ਅਸਾਮੀਆਂ ਲਈ ਇੰਟਰਵਿਊ ਕੀਤੀ ਗਈ। ਚੁਣੇ ਗਏ ਉਮੀਦਵਾਰਾਂ ਨੂੰ ਨਿਯੁਕਤੀ-ਪੱਤਰ ਜਾਰੀ ਕਰ ਦਿੱਤੇ ਗਏ ਹਨ।

ਵੇਰਵਾ ਇਸ ਪ੍ਰਕਾਰ ਹੈ:

| ਲੜੀ ਨੰ. | ਅਸਾਮੀ ਦਾ ਨਾਂ | ਚੁਣੇ ਗਏ ਉਮੀਦਵਾਰ ਦਾ ਨਾਂ | ਅਸਾਮੀ ਦੀ ਕਿਸਮ |
|---|---|---|---|
| 1. | ਸਹਾਇਕ ਪ੍ਰੋਫ਼ੈਸਰ (ਗਣਿਤ) | ਡਾ. ਰਾਜੇਸ਼ ਕੁਮਾਰ ਨਰੂਲਾ | ਰੈਗੂਲਰ |
| 2. | ਵਿਦਿਆਰਥੀ ਕੌਂਸਲਰ | ਮਿਸ. ਸ਼ੈਫਾਲੀ ਬੇਦੀ | 2 ਸਾਲਾਂ ਲਈ ਕੰਟਰੈਕਟ |
| 3. | ਸਹਾਇਕ ਰਜਿਸਟਰਾਰ (ਅਨੁਸੂਚਿਤ ਜਾਤੀ) | ਸ੍ਰੀ ਰਜਿੰਦਰ ਕੁਮਾਰ | ਰੈਗੂਲਰ |
| 4. | ਲੈਂਡਸਕੇਪ ਅਫ਼ਸਰ | ਸ੍ਰੀ ਰਾਕੇਸ਼ ਸੂਦ | 2 ਸਾਲਾਂ ਲਈ ਕੰਟਰੈਕਟ |
| 5. | ਸਹਾਇਕ ਪ੍ਰੋਫ਼ੈਸਰ (ਮੈਨੇਜਮੈਂਟ ਪੀ.ਟੀ.ਯੂ. ਕੈਂਪਸ, ਕਪੂਰਥਲਾ) | ਸ੍ਰੀ ਕਪਿਲ ਗੁਪਤਾ | ਰੈਗੂਲਰ |
| 6. | ਐਸੋਸੀਏਟ ਪ੍ਰੋਫ਼ੈਸਰ (ਮੈਨੇਜਮੈਂਟ ਪੀ.ਟੀ.ਯੂ. ਕੈਂਪਸ, ਕਪੂਰਥਲਾ) | ਡਾ. ਹਰਮੀਨ ਸੋਚ | ਰੈਗੂਲਰ |
| 7. | ਐਸੋਸੀਏਟ ਪ੍ਰੋਫ਼ੈਸਰ (ਪੀ.ਆਈ.ਐਮ.) ਨੰਦਗੜ੍ਹ | ਡਾ. ਹਰੀਸ਼ ਗੌਤਮ | ਰੈਗੂਲਰ |
| 8. | ਐਸੋਸੀਏਟ ਪ੍ਰੋਫ਼ੈਸਰ (ਸੀ.ਐਮ.ਈ. ਪੀ.ਆਈ.ਟੀ. ਕਪੂਰਥਲਾ) | ਡਾ. ਕਿਸ਼ਨ ਕੁਮਾਰ | ਰੈਗੂਲਰ |
| 9. | ਸਹਾਇਕ ਪ੍ਰੋਫ਼ੈਸਰ (ਰਸਾਇਣ ਵਿਗਿਆਨ, ਪੀ.ਆਈ.ਟੀ. ਮਾਨਸਾ) | ਡਾ. ਰਾਕੇਸ਼ ਕੁਮਾਰ | ਰੈਗੂਲਰ |

ਇਸ ਨੂੰ ਬੋਰਡ ਦੇ ਸਾਹਮਣੇ ਜਾਣਕਾਰੀ ਹਿਤ ਰੱਖਿਆ ਜਾਂਦਾ ਹੈ।

**ਮੱਦ ਨੰ. 44.10 ਡਾ. ਸੁਰੇਸ਼ ਕੁਮਾਰ ਟੰਡਨ ਦੁਆਰਾ ਉਨ੍ਹਾਂ ਨੂੰ ਜਾਰੀ ਕੀਤੇ ਗਏ ਨਿਯੁਕਤੀ ਪੱਤਰ ਦੀ ਸ਼ਰਤ ਨੰ. 7 ਵਿਚ ਸੋਧ ਬਾਰੇ ਕੀਤੇ ਬਿਨੈ ਪੱਤਰ ਉੱਪਰ ਵਿਚਾਰ।**

ਡਾ. ਸੁਰੇਸ਼ ਕੁਮਾਰ ਟੰਡਨ ਨੂੰ ਯੂਨੀਵਰਸਿਟੀ ਦੁਆਰਾ ਪੱਤਰ ਨੰ. ਪੀ.ਟੀ.ਯੂ./ਰਜਿ./28559 ਮਿਤੀ 04.07.2011 ਰਾਹੀਂ ਰੈਗੂਲਰ ਆਧਾਰ 'ਤੇ ਤਨਖਾਹ ਸਕੇਲ 37400-6700 (ਗ੍ਰੇਡ ਤਨਖਾਹ 10,000) ਵਿਚ ਕੰਟਰੋਲਰ ਪ੍ਰੀਖਿਆਵਾਂ ਦੀ ਅਸਾਮੀ ਦੀ ਪੇਸ਼ਕਸ਼ ਕੀਤੀ ਗਈ ਸੀ। ਉਨ੍ਹਾਂ ਨੂੰ ਜਾਰੀ ਨਿਯੁਕਤੀ ਪੱਤਰ ਦੀ ਸ਼ਰਤ ਨੰ. 7 ਵਿਚ ਦਰਸਾਇਆ ਗਿਆ ਹੈ ਕਿ ਉਪਰੋਕਤ ਪੇਸ਼ਕਸ਼ ਕੇਵਲ ਉਨ੍ਹਾਂ ਦੀ ਸੇਵਾਮੁਕਤੀ ਦੀ ਉਮਰ ਤੱਕ ਹੀ ਪ੍ਰਭਾਵੀ ਰਹੇਗੀ।

ਡਾ. ਸੁਰੇਸ਼ ਕੁਮਾਰ ਟੰਡਨ ਨੇ ਆਪਣੇ ਬਿਨੈ ਪੱਤਰ ਮਿਤੀ 18.07.2011 ਵਿਚ ਜਾਰੀ ਨਿਯੁਕਤੀ ਪੱਤਰ ਦੀ ਸ਼ਰਤ ਨੰ. 7 ਵਿਚ ਆਈ ਸੇਵਾ ਮੁਕਤੀ ਸੰਬੰਧੀ ਸ਼ਰਤ ਉਪਰ ਪੁਨਰ ਵਿਚਾਰ ਕਰਨ ਹਿਤ ਬੇਨਤੀ ਕੀਤੀ ਹੈ। ਯੂਨੀਵਰਸਿਟੀ ਦੁਆਰਾ ਪ੍ਰਕਾਸ਼ਿਤ ਕੰਟਰੋਲਰ ਪ੍ਰੀਖਿਆਵਾਂ ਦੀ ਅਸਾਮੀ ਲਈ ਇਸ਼ਤਿਹਾਰ ਵਿਚ ਕਿਹਾ ਗਿਆ ਹੈ ਕਿ 55 ਸਾਲ ਤੋਂ ਵਧੇਰੇ ਉਮਰ ਹੱਦ ਵਾਲੇ ਵਿਅਕਤੀ ਦੀ ਨਿਯੁਕਤੀ 2 ਸਾਲ ਲਈ ਕੰਟਰੈਕਟ ਆਧਾਰ 'ਤੇ ਕੀਤੀ ਜਾਵੇਗੀ। ਇਸ ਆਸਾਮੀ ਲਈ ਸੇਵਾ ਮੁਕਤ ਹੋਏ ਵਿਅਕਤੀ ਵੀ ਬਿਨੈ ਪੱਤਰ ਭੇਜ ਸਕਦੇ ਹਨ। ਡਾ. ਸੁਰੇਸ਼ ਕੁਮਾਰ ਟੰਡਨ ਦੁਆਰਾ ਯੂਨੀਵਰਸਿਟੀ ਨੂੰ ਜਮ੍ਹਾਂ ਕਰਵਾਏ ਗਏ ਰਿਕਾਰਡ ਵਿਚ ਮਿਤੀ 13.04.1952 ਨੂੰ ਉਨ੍ਹਾਂ ਦੀ ਉਮਰ 55 ਸਾਲ ਪ੍ਰਾਪਤ ਹੋਣੀ ਹੈ।

ਇਹ ਕੇਸ ਵਿਚਾਰ ਅਤੇ ਪ੍ਰਵਾਨਗੀ ਹਿਤ ਪੇਸ਼ ਹੈ ਜੀ।

**ਮੱਦ ਨੰ. 44.11 ਮਾਨਸਾ, ਲੁਧਿਆਣਾ ਅਤੇ ਬਰਨਾਲਾ ਵਿਖੇ ਸਥਾਪਿਤ ਕੀਤੇ ਜਾਣ ਵਾਲੇ ਪੀ.ਆਈ.ਟੀ. ਮੁਹਾਲੀ ਵਿਖੇ ਯੂਨੀਵਰਸਿਟੀ ਦੇ ਰਿਜ਼ਨਲ ਕੈਂਪਸ ਅਤੇ ਭਵਿੱਖ ਦੇ ਹੋਰ ਕਾਰਜਾਂ ਦੀਆਂ ਉਸਾਰੀ ਸੰਬੰਧੀ ਸੇਵਾਵਾਂ ਲਈ ਭਵਨ-ਨਿਰਮਾਤਾ (ਆਰਕੀਟੈਕਟ) ਦੀ ਨਿਯੁਕਤੀ ਨੂੰ ਅੰਤਿਮ ਰੂਪ ਦੇਣਾ।**

ਇਸ ਕਾਰਜ ਲਈ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੁਆਰਾ ਪ੍ਰੈੱਸ ਇਸ਼ਤਿਹਾਰ ਰਾਹੀਂ ਦੋ ਪੈਕਟ ਪ੍ਰਣਾਲੀ ਵਿਚ ਓਪਨ ਬਿਡਜ਼ ਮੰਗੇ ਗਏ ਹਨ। ਇਮਾਰਤ ਉਸਾਰੀ ਕਮੇਟੀ ਦੁਆਰਾ ਬਿਡਜ਼ ਦੇ ਮੁਲਾਂਕਣ ਲਈ ਨਿਰਧਾਰਿਤ ਕੀਤੀ ਗਈ। ਪ੍ਰਕਿਰਿਆ ਅਨੁਸਾਰ ਬਿਡਰਜ਼ ਦਾ ਮੁਲਾਂਕਣ ਹੇਠ ਲਿਖੇ ਪੱਧਰਾਂ ਉਪਰ ਕੀਤਾ ਗਿਆ ਹੈ:

(ੳ) ਤਕਨੀਕੀ ਮੁਲਾਂਕਣ

(ਅ) ਪ੍ਰਸਤੁਤੀਕਰਣ (ਪੇਸ਼ਕਾਰੀ)

(ੲ) ਵਿੱਤੀ ਬਿਡ

ਤਿੰਨ ਪੱਧਰੀ ਮੁਲਾਂਕਣ ਉਪਰੰਤ ਮੈਸਰਜ਼ ਆਰਚੀਗਰੁੱਪ ਆਰਕੀਟੈਕਚਰਜ਼ ਨੋਇਡਾ ਨੇ ਸਭ ਤੋਂ ਵਧੇਰੇ ਅੰਕ ਪ੍ਰਾਪਤ ਕੀਤੇ ਅਤੇ ਬਿਡ ਦੀਆਂ ਸ਼ਰਤਾਂ ਅਨੁਸਾਰ ਬਿਡ ਲਈ ਉਸਨੂੰ ਯੋਗ ਮੰਨਿਆ ਗਿਆ। ਮੈਸਰਜ਼ ਆਰਚੀਗਰੁੱਪ ਆਰਕੀਟੈਕਚਰਜ਼ ਨੋਇਡਾ ਨੂੰ ਕੰਮ ਸੌਂਪ ਦੇਣ ਦੇ ਕਾਰਜ ਨੂੰ ਇਮਾਰਤ ਉਸਾਰੀ ਸੰਬੰਧੀ ਸਥਾਈ ਕਮੇਟੀ ਦੀ ਮਿਤੀ 13.07.11 ਨੂੰ ਹੋਈ ਇਕੱਤਰਤਾ ਵਿਚ (ਮੱਦ ਨੰ. 27.3) ਰੱਖਿਆ ਗਿਆ ਸੀ। ਕਮੇਟੀ ਨੂੰ ਮੈਸਰਜ਼ ਆਰਕੀਗਰੁੱਪ ਆਰਕੀਟੈਕਚਰਜ਼ ਦੇ ਨੁਮਾਇੰਦੇ ਨਾਲ ਰੇਟਾਂ ਸੰਬੰਧੀ ਨੈਗੋਸ਼ੀਏਟ ਕੀਤਾ ਅਤੇ ਇਹ ਏਜੰਸੀ 2.04% ਤੋਂ 2.0% ਤੱਕ ਰੇਟ ਘਟਾਉਣ ਲਈ ਅਤੇ ਟੈਂਡਰ ਦੀਆਂ ਬਾਕੀ ਸ਼ਰਤਾਂ ਉਸੇ ਤਰ੍ਹਾਂ ਰੱਖਣ ਲਈ ਰਾਜ਼ੀ ਹੋ ਗਈ ਇਮਾਰਤ ਉਸਾਰੀ ਸੰਬੰਧੀ ਸਥਾਈ ਕਮੇਟੀ ਨੇ ਨੈਗੋਸ਼ੀਏਟਡ ਰੇਟਾਂ 'ਤੇ ਮੈਸਰਜ਼ ਆਰਕੀਗਰੁੱਪ ਆਰਕੀਟੈਕਚਰਜ਼ ਨੋਇਡਾ ਨੂੰ ਕੰਮ ਸੌਂਪ ਦੇਣ ਦੀ ਸਿਫਾਰਿਸ਼ ਕੀਤੀ। ਇਮਾਰਤ ਉਸਾਰੀ ਸੰਬੰਧੀ ਸਥਾਈ ਕਮੇਟੀ ਦੀ ਇਕੱਤਰਤਾ ਦੀ ਕਾਰਵਾਈ ਦਾ ਵੇਰਵਾ ਨੱਥੀ (ਅਨੁਲੱਗ-VI) ਹੈ।

ਇਸ ਮੁੱਦੇ ਨੂੰ ਬੋਰਡ ਆਫ਼ ਗਵਰਨਰਜ਼ ਦੇ ਸਨਮੁੱਖ ਪ੍ਰਵਾਨਗੀ ਲਈ ਰੱਖਿਆ ਜਾਂਦਾ ਹੈ।

**ਮੱਦ ਨੰ. 44.12 ਪੀ ਐਚ.ਡੀ. ਡਿਗਰੀਆਂ ਨੂੰ ਪ੍ਰਵਾਨਗੀ**

ਯੂਨੀਵਰਸਿਟੀ ਦੀ 19ਵੀਂ ਕਨਵੋਕੇਸ਼ਨ ਮਿਤੀ 18.08.2011 ਨੂੰ ਰੱਖੀ ਗਈ ਸੀ ਜਿਨ੍ਹਾਂ ਉਮੀਦਵਾਰਾਂ ਨੂੰ ਪੀ ਐਚ.ਡੀ. ਡਿਗਰੀ ਪ੍ਰਦਾਨ ਕੀਤੀ ਗਈ ਉਨ੍ਹਾਂ ਦਾ ਵੇਰਵਾ ਉਪ-ਕੁਲਪਤੀ ਦੀ ਪ੍ਰਵਾਨਗੀ ਸਮੇਤ ਨੱਥੀ (ਅਨੁਲੱਗ-VII) ਹੈ।

ਇਹ ਮੁੱਦਾ ਬੋਰਡ ਆਫ਼ ਗਵਰਨਰਜ਼ ਦੀ ਕਾਰਜ ਉਪਰੰਤ (Post Facto) ਪ੍ਰਵਾਨਗੀ ਲਈ ਪੇਸ਼ ਹੈ।

**ਮੱਦ ਨੰ. 44.13 ਅਕਾਦਮਿਕ ਕੌਂਸਲ ਦੀਆਂ ਨਾਮਜ਼ਦਗੀਆਂ ਸੰਬੰਧੀ ਜਾਣਕਾਰੀ**

ਬੋਰਡ ਆਫ਼ ਗਵਰਨਰਜ਼ ਨੇ ਆਪਣੀ 43ਵੀਂ ਇਕੱਤਰਤਾ ਵਿਚ ਇੱਛਾ ਜ਼ਾਹਿਰ ਕੀਤੀ ਸੀ ਕਿ ਅਕਾਦਮਿਕ ਕੌਂਸਲ ਵਿਚ ਸੰਸਥਾਵਾਂ ਵਿਚ ਪ੍ਰਥਮਤਾ (Senority) ਅਤੇ ਏ.ਆਈ.ਸੀ.ਟੀ.ਈ. ਅਨੁਸਾਰ ਯੋਗਤਾ ਦੇ ਆਧਾਰ 'ਤੇ 20 ਮੈਂਬਰ ਨਾਮਜ਼ਦ ਕੀਤੇ ਜਾਣ, ਇਸਨੂੰ ਬੋਰਡ ਆਫ ਗਵਰਨਰਜ਼ ਦੇ ਚੇਅਰਮੈਨ ਸਾਹਮਣੇ ਰੱਖਿਆ ਜਾਵੇ।

ਅਕਾਦਮਿਕ ਕੌਂਸਲ ਲਈ ਨਾਮਜ਼ਦ ਕੀਤੇ ਗਏ ਮੈਂਬਰਾਂ ਦੀ ਸੂਚੀ (ਅਨੁਲੱਗ VIII) ਨੱਥੀ ਹੈ।

ਬੋਰਡ ਦੇ ਵਿਚਾਰ ਅਤੇ ਪ੍ਰਵਾਨਗੀ ਹਿਤ ਪੇਸ਼ ਹੈ ਜੀ।

**ਮੱਦ ਨੰ. 44.14 ਖੇਡ ਕਾਰਜਕਾਰੀ ਕਮੇਟੀ ਦੀ ਸਥਾਪਨਾ ਬਾਰੇ ਜਾਣਕਾਰੀ**

ਉਪ-ਕੁਲਪਤੀ ਦੁਆਰਾ ਪੰਜਾਬ ਟੈਕਨੀਕਲ ਯੂਨੀਵਰਸਿਟੀ ਖੇਡ ਕੌਂਸਲ ਦੇ ਪਹਿਲੇ ਕਾਰਜਕਾਰੀ ਬੋਰਡ ਦੀ ਸਥਾਪਨਾ ਕੀਤੀ ਗਈ ਹੈ। ਇਸ ਕਾਰਜਕਾਰਨੀ ਬੋਰਡ ਦਾ ਕਾਰਜਕਾਲ ਹਰ ਸਾਲ 1 ਜੁਲਾਈ ਤੋਂ 30 ਜੂਨ ਹੋਵੇਗਾ, ਅਤੇ ਇਸੇ ਤਰ੍ਹਾਂ ਇਸਦੇ ਲਈ ਬੋਰਡ ਦਾ ਕਾਰਜਕਾਲ 30 ਜੂਨ 2012 ਤੱਕ ਹੋਵੇਗਾ।

ਮੈਂਬਰਾਂ ਦੀ ਸੂਚੀ (ਅਨੁਲੱਗ-IX) ਨੱਥੀ ਹੈ ਜੀ।

**ਮੱਦ ਨੰ. 44.15 ਪੀ.ਟੀ.ਯੂ. ਦੇ ਗਿਆਨ ਜੋਤੀ ਸਕੂਲ ਆਫ਼ ਟੀ.ਕਿਊ.ਐਮ. ਤੇ ਇੰਟਰਪਨਿਓਰਸ਼ਿਪ, ਮੋਹਾਲੀ ਵਿਚ ਪੀ.ਟੀ.ਯੂ. ਦੀ ਹਿੱਸੇਦਾਰੀ ਦੀ ਵਰਤੋਂ ਸੰਬੰਧੀ।**

ਬੀ.ਓ.ਜੀ. ਦੀ ਮਿਤੀ 23.06.2011 ਨੂੰ ਹੋਈ 43ਵੀਂ ਇਕੱਤਰਤਾ ਵਿਚ ਪ੍ਰਵਾਨ ਹੋਏ ਅਨੁਸਾਰ ਹੇਠ ਲਿਖਿਆ ਪ੍ਰਵਾਨ ਹੋਇਆ:

ਸਕੂਲ ਦੁਆਰਾ ਪਿਛਲੇ ਸਮੇਂ ਵਿਚ ਉਤਪੰਨ ਕੀਤੀ ਗਈ ਬੱਚਤ ਵਿਚ ਪੀ.ਟੀ.ਯੂ. ਦੀ 40% ਹਿੱਸੇਦਾਰੀ ਦੇ ਸਾਰੇ ਐਕਰੂਅਲਜ਼ ਦੇ ਨਾਲ-ਨਾਲ ਅਗਲੇ ਪੰਜ-ਸਾਲਾਂ (2015-16 ਦੇ ਵਿੱਤੀ ਸਾਲ ਦੇ ਅੰਤ ਤੱਕ) ਦੌਰਾਨ ਉਤਪੰਨ ਕੀਤੀ ਜਾਣ ਵਾਲੀਬੱਚਤ ਸਕੂਲ ਦੁਆਰਾ ਰੱਖੀ ਜਾਵੇਗੀ ਅਤੇ ਇਸਨੂੰ ਸਹੂਲਤਾਂ ਉਪਲਬਧ ਕਰਾਉਣ, ਨਵੇਂ ਪ੍ਰੋਗਰਾਮ ਚਲਾਉਣ ਅਤੇ ਮੌਜੂਦਾ ਢਾਂਚੇ ਵਿਚ ਵਾਧੇ/ਸੁਧਾਰ ਲਈ ਵਰਤਿਆ ਜਾਵੇਗਾ। ਇਸਨੂੰ ਸਕੂਲ ਦੇ ਆਰੰਭ ਲਈ ਯੂਨੀਵਰਸਿਟੀ ਦੁਆਰਾ 01 ਕਰੋੜ ਰੁਪਏ ਦੇ ਸਹਿਯੋਗ ਵਿਚ ਜੋੜਿਆ ਜਾਵੇਗਾ। ਇਸ ਫੈਸਲੇ ਨੂੰ 5 ਸਾਲਾਂ ਬਾਅਦ ਬੋਰਡ ਆਫ਼ ਗਵਰਨਰਜ਼ ਦੁਆਰਾ ਰੀਵਿਊ ਕੀਤਾ ਜਾਵੇਗਾ।

ਇਸ ਸੰਬੰਧੀ ਸਹੀਬੰਦ ਕੀਤੇ ਗਏ ਸਮਝੌਤੇ ਦੇ ਤਹਿਤ ਸਕੂਲ ਦੀ ਬਚਤ ਵਿਚ ਪੀ.ਟੀ.ਯੂ. ਦੀ ਹਿੱਸੇਦਾਰੀ 30% ਹੈ ਅਤੇ ਜਿਸਨੂੰ ਗਲਤੀ ਨਾਲ 40% ਹੋਣ ਵਜੋਂ ਦਰਜ ਕਰ ਲਿਆ ਗਿਆ ਹੈ ਅਤੇ ਇਸਨੂੰ 30% ਹੋਣ ਵਜੋਂ ਦਰਜ ਕਰਨ ਦੀ ਲੋੜ ਹੈ।

**ਮੱਦ ਨੰ. 44.16 ਚੇਅਰ ਦੀ ਆਗਿਆ ਨਾਲ ਹੋਰ ਫੁਟਕਲ ਮੱਦਾਂ ਤੇ ਵਿਚਾਰ।**